ਡਾਇਰੈਕਟੋਰੇਟ, ਪਸ਼ੂ ਪਾਲਣ ਵਿਭਾਗ, ਪੰਜਾਬ
(ਵਿਕਾਸ ਸ਼ਾਖਾ)

ਸੇਵਾ ਵਿਖੇ,

ਡਾ. ਪਰਮਪਾਲ ਸਿੰਘ, ਵੈਟਨਰੀ ਅਫਸਰ,
-ਕਮ -ਕੋਆਰਡੀਨੇਟਰ, ਪੰਜਾਬ ਸਰਕਾਰ,
ਪਸ਼ੂ ਪਾਲਣ, ਮੱਛੀ ਪਾਲਣ ਤੇ ਡੇਅਰੀ ਵਿਕਾਸ ਵਿਭਾਗ
-ਕਮ- ਡਿਪਟੀ ਡਾਇਰੈਕਟਰ, ਐਕਸਟੈਨਸ਼ਨ ਸਰਵਿਸਿਜ਼ ਅਤੇ ਪਬਲਿਕ ਰਿਲੇਸ਼ਨਜ਼, ਸਦਰ ਦਫਤਰ।

ਮੀਮੋ ਨੰਬਰ 2/30/19-ਡੀ-1/ 5368

ਮਿਤੀ: 11/05/22

ਵਿਸ਼ਾ:- ਸੀਮਨ ਸਟੇਸ਼ਨ ਨਾਭਾ ਵਿਖੇ ਠੇਕੇ ਤੇ ਕੰਮ ਕਰਵਾਉਣ ਹਿੱਤ ਕੀਤੇ ਜਾਣ ਵਾਲੇ ਟੈਂਡਰ ਦੀਆਂ ਟਰਮਜ਼ ਐਂਡ ਕੰਡੀਸ਼ਨਜ਼ ਵਿਭਾਗ ਦੀ ਵੈੱਬਸਾਈਟ ਤੇ ਅਪਲੋਡ ਕਰਨ ਬਾਰੇ।

ਉਪਰੋਕਤ ਵਿਸ਼ੇ ਸਬੰਧੀ ਆਪ ਨੂੰ ਸਹਾਇਕ ਡਾਇਰੈਕਟਰ, ਪਸ਼ੂ ਪਾਲਣ, ਫਾਰਮਜ਼, ਨਾਭਾ ਦੇ ਪੱਤਰ ਨੰਬਰ 769 ਮਿਤੀ 10-05-2022 ਰਾਹੀਂ ਵਿਸ਼ਾ ਅੰਕਿਤ ਮਾਮਲੇ ਸਬੰਧੀ ਪ੍ਰਾਪਤ ਹੋਈ ਟੈਕਨੀਕਲ ਬਿੱਡ ਲਈ ਕੰਮਾਂ ਦੇ ਵੇਰਵੇ ਦੀ ਸੂਚੀ ਸਮੇਤ ਪ੍ਰੋਫਾਰਮਾ ਅਤੇ ਸ਼ਰਤਾਂ (ਟਰਮਜ਼ ਐਂਡ ਕੰਡੀਸ਼ਨਜ਼) ਇਸ ਪੱਤਰ ਨਾਲ ਨੱਥੀ ਕਰਕੇ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਨ੍ਹਾਂ ਨੂੰ ਵਿਭਾਗ ਦੀ ਵੈੱਬਸਾਈਟ ਤੇ ਅਪਲੋਡ ਕਰਨ ਦੀ ਖੇਚਲ ਕੀਤੀ ਜਾਵੇ।

ਸਰਬਜੀਤ ਕੌਰ 11/5/22

ਡਾਇਰੈਕਟਰ, ਪਸ਼ੂ ਪਾਲਣ ਵਿਭਾਗ,
ਪੰਜਾਬ।
ਮਿਤੀ

11/5/2022

ਪਿੱਠ ਅੰਕਣ ਨੰਬਰ 2/30/19/ਡੀ-1/

ਇਸ ਦਾ ਇੱਕ ਉਤਾਰਾ ਸਹਾਇਕ ਡਾਇਰੈਕਟਰ, ਪਸ਼ੂ ਪਾਲਣ, (ਫਾਰਮਜ਼) ਨਾਭਾ ਨੂੰ ਉਨ੍ਹਾਂ ਦੇ ਪੱਤਰ ਨੰਬਰ 769 ਮਿਤੀ 10-5-2022 ਦੇ ਹਵਾਲੇ ਵਿੱਚ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਘੱਲਿਆ ਜਾਂਦਾ ਹੈ।

ਡਾਇਰੈਕਟਰ, ਪਸ਼ੂ ਪਾਲਣ ਵਿਭਾਗ,
ਪੰਜਾਬ।

ਡੀ.ਸ.
364
11/5/22

ਦਫਤਰ ਡਿਪਟੀ ਡਾਇਰੈਕਟਰ, ਪਸ਼ੂ ਪਾਲਣ, ਸੀਮਨ ਸਟੇਸ਼ਨ ਨਾਭਾ (ਪਟਿਆਲਾ)

(Email- adahfarm@gmail.com, Telephone – 01765220137)

ਸੇਵਾ ਵਿਖੇ,

ਡਾਇਰੈਕਟਰ,

ਪਸ਼ੂ ਪਾਲਣ ਵਿਭਾਗ, ਪੰਜਾਬ,

ਸਾਹਿਬਜ਼ਾਦਾ ਅਜੀਤ ਸਿੰਘ ਨਗਰ।

ਨੰਬਰ......769...... ਮਿਤੀ...10/05/2022

ਵਿਸ਼ਾ:- ਸੀਮਨ ਸਟੇਸ਼ਨ ਨਾਭਾ ਵਿਖੇ ਠੇਕੇ ਤੇ ਕੰਮ ਕਰਵਾਉਣ ਹਿੱਤ ਕੀਤੇ ਜਾਣ ਵਾਲੇ ਟੈਂਡਰ ਦੀਆਂ ਸੋਧੀਆਂ ਹੋਈਆਂ ਟਰਮਜ਼ ਐਂਡ ਕੰਡੀਸ਼ਨਜ਼ ਭੇਜਣ ਬਾਰੇ।

ਹਵਾਲਾ:- ਆਪ ਜੀ ਦਾ ਪੱਤਰ ਨੰਬਰ ਮੀਮੋ ਨੰਬਰ 2/30/19-ਡੀ-1/5323 ਮਿਤੀ 09.05.2022

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਰਾਹੀਂ ਆਪ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਠੇਕੇ ਤੇ ਕੰਮ ਕਰਵਾਉਣ ਹਿੱਤ ਕੀਤੇ ਜਾਂਣ ਵਾਲੇ ਟੈਂਡਰ ਦੀਆਂ ਸੋਧੀਆਂ ਹੋਈਆਂ ਟਰਮਜ਼ ਐਂਡ ਕੰਡੀਸ਼ਨਜ਼ ਆਪ ਜੀ ਨੂੰ ਇਸ ਪੱਤਰ ਨਾਲ ਨੱਥੀ ਕਰਕੇ ਭੇਜੀਆਂ ਜਾਂਦੀਆਂ ਹਨ ਜੀ।

10.05.2022

ਸਹਾਇਕ ਨਿਰਦੇਸ਼ਕ,

ਦ/ਡਿਪਟੀ ਡਾਇਰੈਕਟਰ, ਪਸ਼ੂ ਪਾਲਣ,

ਸੀਮਨ ਸਟੇਸ਼ਨ, ਨਾਭਾ (ਪਟਿਆਲਾ)

6. ਰੱਖੀ ਗਈ ਲੇਬਰ ਨੂੰ ਲੇਬਰ ਐਕਟ ਅਧੀਨ ਲੇਬਰ ਨੂੰ ਦਿੱਤੀਆਂ ਜਾਣ ਵਾਲੀਆ ਸਾਰੀਆਂ ਸਹੂਲਤਾਂ ਪ੍ਰਦਾਨ ਕਰਨ ਲਈ ਠੇਕੇਦਾਰ ਵਚਨਬੱਧ ਹੋਵੇਗਾ। ਕੰਮ ਸਮੇ ਕਿਸੇ ਐਕਸੀਡੈਂਟ ਦੀ ਸੂਰਤ ਵਿੱਚ ਸਾਰੀ ਜਿੰਮੇਵਾਰੀ ਠੇਕੇਦਾਰ ਦੀ ਹੋਵੇਗੀ ।ਅਤੇ ਵਿਭਾਗ ਕਿਸੇ ਵੀ ਕਿਸਮ ਦੇ ਖਰਚ / ਕਲੇਮ/ਬੀਮਾ ਆਦਿ ਲਈ ਜੁੰਮੇਵਾਰ ਨਹੀ ਹੋਵੇਗਾ ।

7. ਸਫਲ ਠੇਕੇਦਾਰ ਲੇਬਰ ਨੂੰ ਸਮੇਂ ਸਮੇਂ ਸਿਰ ਫਿਕਸ ਕੀਤੇ ਜਾਣ ਵਾਲੇ ਡੀ.ਸੀ. ਰੇਟ ਅਨੁਸਾਰ ਪੇਮੈਂਟ ਕਰਨ ਲਈ ਵਚਨਬੱਧ ਹੋਵੇਗਾ।

8. ਸਫਲ ਠੇਕੇਦਾਰ ਲੇਬਰ ਨੂੰ ਹਰ ਮਹੀਨੇ ਦੀ 7 ਤਰੀਕ ਤੋਂ ਪਹਿਲਾਂ ਆਪਣੇ ਵਸੀਲਿਆਂ ਤੋਂ ਭੁਗਤਾਨ ਕਰੇਗਾ ਅਤੇ ਬਿਲ ਦੇ ਨਾਲ ਲਿਖਤੀ ਤਸਦੀਕ ਕਰੇਗਾ ਕਿ ਪਿਛਲੇ ਮਹੀਨੇ ਦੇ ਬਕਾਏ ਤਨਖਾਹ,ਈ.ਐਸ. ਆਈ., ਈ.ਪੀ.ਐਫ. ਆਦਿ ਲੇਬਰ ਨੂੰ ਦੇ ਦਿੱਤੇ ਗਏ ਹਨ।

9. ਵਿਭਾਗ ਦੀਆਂ ਜਰੂਰਤਾਂ ਅਨੁਸਾਰ ਕੰਮ ਵਧਾਇਆ/ਘਟਾਇਆ ਜਾਂ ਖਤਮ ਕੀਤਾ ਜਾ ਸਕਦਾ ਹੈ ।

10 ਜੇਕਰ ਠੇਕੇਦਾਰ ਟੈਂਡਰ ਦੀਆ ਸ਼ਰਤਾਂ / ਲੜੀ ਨੰਬਰ 1 ਤੋ 20 ਤੱਕ ਦਰਜ ਸ਼ਰਤਾ ਪੂਰੀਆ ਨਹੀ ਕਰਦਾ/ ਜਾਂ ਇਹਨਾ ਦੀ ਪਾਲਨਾ ਨਹੀ ਕਰਦਾ ਤਾਂ ਉਸਦੀ ਸਕਿਉਰਟੀ ਅਤੇ ਬੈਂਕ ਸਕਿਉਰਟੀ ਦੋਨੋ ਜਬਤ ਕਰ ਲਈਆਂ ਜਾਣਗੀਆਂ।

11. ਜੇਕਰ ਟੈਂਡਰ ਫਾਰਮ ਨਾਲ ਠੇਕੇਦਾਰ ਵੱਲੋ ਲੇਬਰ ਕਮਿਸ਼ਨਰ ਵੱਲੋ ਜਾਰੀ ਲੇਬਰ ਸਬੰਧੀ ਲਾਈਸੈਂਸ, ਈ.ਪੀ.ਐਫ. ਨੰਬਰ, ਈ.ਆਈ ਐਸ. ਨੰਬਰ ਦੇ ਪਰੂਫ ਨਾ ਲਾਏ ਗਏ ਤਾਂ ਉਸਦਾ ਟੈਂਡਰ ਰੱਦ ਕਰ ਦਿੱਤਾ ਜਾਵੇਗਾ।

12. ਇਨਕਮ ਟੈਕਸ ਵਿਭਾਗ ਵੱਲੋ ਜਾਰੀ ਹਦਾਇਤਾਂ ਅਨੁਸਾਰ ਬਣਦਾ T. D. S. ਠੇਕੇਦਾਰ ਵੱਲੋ ਬਿਲ ਨਾਲ ਜਮਾਂ ਕਰਵਾਇਆ ਜਾਵੇਗਾ।

13 ਉਪਰੋਕਤ ਕੰਮਾਂ ਸਬੰਧੀ ਮਸ਼ੀਨਰੀ ਵਿਭਾਗ ਦੁਆਰਾ ਦਿੱਤੀ ਜਾਵੇਗੀ।

14 ਫਾਰਮ ਦੇ ਮੌਜੂਦਾ ਕੰਮ ਅਤੇ ਪਿਛਲੇ ਸਮੇ ਕੰਮ ਦੇ ਤਜਰਬੇ ਅਨੁਸਾਰ ਆਈਟਮ ਨੰ: 1 ਅਤੇ 2 ਲਈ ਕ੍ਰਮਵਾਰ ਅੰਦਾਜਨ 22 ਅਤੇ 20 ਦਿਹਾੜੀਆਂ ਦੀ ਰੋਜਾਨਾ ਜਰੂਰਤ ਹੋਵੇਗੀ। ਪ੍ਰੰਤੂ ਠੇਕੇਦਾਰ ਦੁਆਰਾ ਕੰਮ ਨੂੰ ਪੂਰਾ ਕਰਨ ਲਈ ਕਾਮਿਆਂ ਦੀ ਗਿਣਤੀ ਵਧਾਈ ਘਟਾਈ ਜਾ ਸਕਦੀ ਹੈ ਜਾਂ ਹੋਰ ਸਾਧਨ/ਮਸ਼ੀਨਰੀ ਦੀ ਵਰਤੋਂ ਕੀਤੀ ਜਾ ਸਕਦੀ ਹੈ।

15 ਠੇਕੇਦਾਰ ਦੁਆਰਾ ਕਰਵਾਏ ਗਏ ਕੰਮ ਦੇ ਤਸੱਲੀ ਬਖਸ਼ ਨਾ ਹੋਣ ਦੀ ਸੂਰਤ ਵਿੱਚ ਉਸੇ ਅਨੁਪਾਤ ਵਿੱਚ ਪੈਨਲਟੀ/ਕੱਟ ਫਾਰਮ ਇੰਚਾਰਜ ਦੁਆਰਾ ਲਗਾਇਆ ਜਾਵੇਗਾ।

16 ਫਾਰਮ ਦੇ ਪਸ਼ੂਆਂ ਲਈ ਪੱਠੇ/ਫੀਡ/ਸਪਲੀਮੈਂਟ/ਸਾਈਲੇਜ/ਸੁੱਕਾ ਚਾਰਾ ਆਦਿ ਇੰਚਾਰਜ ਅਧਿਕਾਰੀ ਦੇ ਨਿਰਦੇਸ਼ਾਂ ਅਨੁਸਾਰ ਪ੍ਰਤੀ ਪਸ਼ੂ ਜਰੂਰਤ/ਉਪਲੱਬਧਤਾ ਅਨੁਸਾਰ ਘਟਾਏ ਵਧਾਏ ਜਾ ਸਕਦੇ ਹਨ।

17 ਟੈਂਡਰ ਅਧੀਨ ਕੰਮਾਂ ਦਾ ਸਮਾਂ 01/07/2022 ਤੋਂ 30/06/2023 ਤੱਕ ਹੈ ਜੋ ਕਿ ਫਾਰਮ ਵਿਖੇ ਕੰਮ ਦੀ ਜਰੂਰਤ ਅਨੁਸਾਰ/ਘਟਾਇਆ ਜਾ ਵਧਾਇਆ ਜਾ ਸਕਦਾ ਹੈ ।

18 ਫਾਰਮ ਦੀ ਬਾਇਓਸਕਿਊਰਟੀ ਨੂੰ ਮੁੱਖ ਰੱਖਦੇ ਹੋਏ ਸਫਲ ਠੇਕੇਦਾਰ ਦੁਆਰਾ ਕੰਮ ਲਈ ਭੇਜੇ ਗਏ ਕਾਮਿਆਂ ਦੀ ਨਾਮ ਅਨੁਸਾਰ ਸੂਚੀ ਆਪਣੇ ਲੈਟਰ ਹੈਡ ਤੇ ਲਿਖ ਕੇ ਇੰਚਾਰਜ ਅਧਿਕਾਰੀ ਨੂੰ ਦਿੱਤੀ ਜਾਵੇਗੀ ਅਤੇ ਕੋਈ ਵੀ ਤਬਦੀਲੀ ਕਰਨ ਸਮੇ ਇਤਲਾਹ ਲਿਖ ਕੇ ਦਿੱਤੀ ਜਾਵੇਗੀ।

19 ਠੇਕੇਦਾਰ ਦੁਆਰਾ ਕਰਵਾਏ ਜਾ ਰਹੇ ਕੰਮ ਦੇ ਦੌਰਾਨ ਕਿਸੇ ਵੀ ਤਰ੍ਹਾਂ ਦੇ ਲੇਬਰ ਦੇ ਝਗੜੇ ਆਦਿ ਲਈ ਵਿਭਾਗ ਜੁੰਮੇਵਾਰ ਨਹੀ ਹੋਵੇਗਾ ਅਤੇ ਕੰਮ ਲਈ ਭੇਜੇ ਜਾਣ ਵਾਲੇ ਲੇਬਰ ਦੇ ਬੰਦੇ ਵਿਭਾਗ ਦੇ ਮੁਲਾਜਮ ਨਹੀ ਹੋਣਗੇ ।

20 ਸਫਲ ਠੇਕੇਦਾਰ ਫਾਰਮ ਤੇ ਭੇਜੀ ਜਾਣ ਵਾਲੀ ਸਬੰਧਤ ਲੇਬਰ ਤੋਂ ਵੱਖਰੇ- ਵੱਖਰੇ ਤੌਰ ਤੇ (individually) ਇਹ ਵੀ ਐਫੀਡੈਵਿਟ ਪ੍ਰਾਪਤ ਕਰਕੇ ਦੇਣ ਲਈ ਪਾਬੰਦ ਹੋਵੇਗਾ ਕਿ ਲੇਬਰ ਆਪਣੀਆਂ ਵੇਜਿਜ ਜਾਂ ਹੋਰ ਮਾਮਲਿਆਂ ਸਬੰਧੀ ਝਗੜੇ ਸਬੰਧਤ ਠੇਕੇਦਾਰ ਨਾਲ ਹੀ ਨਿਪਟਾਏਗੀ ਅਤੇ ਇਸ ਵਿਭਾਗ ਨੂੰ ਕਿਸੇ ਕੋਰਟ ਕੇਸ ਵਿੱਚ ਨਹੀਂ ਉਲਝਾਏਗੀ ਜਾਂ ਪਾਰਟੀ ਨਹੀਂ ਬਣਾਏਗੀ ਅਤੇ ਫਾਰਮ ਵਿਖੇ ਧਰਨਾ ਨਹੀਂ ਲਗਾਏਗੀ।

10.05.2022

ਸਹਾਇਕ ਨਿਰਦੇਸ਼ਕ
ਪਸ਼ੂ ਪਾਲਣ
ਦਫਤਰ ਡਿਪਟੀ ਡਾਇਰੈਕਟਰ
ਪਸ਼ੂ ਪਾਲਣ,ਸੀਮਨ ਸਟੇਸ਼ਨ, ਨਾਭਾ